# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਜਨਰਲ ਬਰਾਂਚ**

ਨੰ : 230
ਮਿਤੀ : 20-1-2023

ਡਾਇਰੈਕਟਰ,
ਕੰਪਿਊਟਰ ਸੈਂਟਰ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।

**ਵਿਸ਼ਾ : - ਯੂਨੀਵਰਸਿਟੀ ਵਿਖੇ ਸਥਿਤ ਦੁਕਾਨ ਨੰ. 05 (ਵੱਡੀ) ਦੇ ਟੈਂਡਰ ਦੀ ਸ਼ਰਤਾਂ ਵੈਬ-ਸਾਈਟ ਤੇ ਪਾਉਣ ਸਬੰਧੀ।**

ਸ਼੍ਰੀਮਾਨ ਜੀ,

ਯੂਨੀਵਰਸਿਟੀ ਵਿਖੇ ਸਥਿਤ ਦੁਕਾਨ ਨੰ. **05** (ਵੱਡੀ) ਜੋ ਕੈਮਿਸਟ ਦੇ ਕੰਮ ਲਈ ਅਲਾਟ ਕੀਤੀ ਜਾਣੀ ਹੈ। ਇਹ ਦੁਕਾਨ ਅਲਾਟ ਕਰਨ ਸਬੰਧੀ ਟੈਂਡਰ ਮੰਗੇ ਜਾ ਰਹੇ ਹਨ। ਟੈਂਡਰ ਮੰਗਣ ਦੀ ਆਖਰੀ ਮਿਤੀ **20.02.2023** ਰੱਖੀ ਗਈ ਹੈ। ਜਿਸ ਦੀ ਅਲਾਟਮੈਂਟ ਦੀਆਂ ਸ਼ਰਤਾ ਯੂਨੀਵਰਸਿਟੀ ਦੀ ਵੈਬ-ਸਾਈਟ ਤੇ ਪਾਈਆਂ ਜਾਣੀਆਂ ਹਨ। ਇਸ ਸਬੰਧ ਵਿੱਚ ਰਜਿਸਟਰਾਰ ਸਾਹਿਬ ਦੇ ਆਦੇਸ਼ ਪੱਤਰ ਨਾਲ ਨੱਥੀ ਹਨ।

ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਟੈਂਡਰ ਦੀਆਂ ਸ਼ਰਤਾਂ ਯੂਨੀਵਰਸਿਟੀ ਦੀ ਵੈਬ-ਸਾਈਟ **www.punjabiuniversity.ac.in** ਤੇ ਪਾਉਣ ਦੀ ਖੇਚਲ ਕਰਨੀ ਜੀ।

**ਨੱਥੀ :- ਸ਼ਰਤਾਂ ਦੀ ਕਾਪੀ ਅਤੇ
ਰਜਿਸਟਰਾਰ ਸਹਿਬ ਦੇ ਆਦੇਸ਼।**

ਵਿਸਵਾਸ਼ਪਾਤਰ

19-1-23

ਸਹਾਇਕ ਰਜਿਸਟਰਾਰ (ਜਨਰਲ)

**25/N**

ਯੂਨੀਵਰਸਿਟੀ ਦੀ ਗੋਲ ਮਾਰਕੀਟ ਵਿਖੇ ਸਥਿਤ ਦੁਕਾਨ ਨੰ. **05** (ਵੱਡੀ) ਕੈਮਿਸਟ ਦੇ ਕੰਮ ਲਈ ਟੈਂਡਰ ਕਾਲ ਕਰਕੇ ਅਲਾਟ ਕੀਤੀ ਜਾਣੀ ਹੈ। ਇਸ ਸਬੰਧ ਵਿੱਚ (ਪੰਨਾ **23**/ਐਨ) ਤੇ ਕੀਤੇ ਗਏ ਆਦੇਸ਼ਾਂ ਅਨੁਸਾਰ ਇਸ ਦੁਕਾਨ ਦੇ ਟੈਂਡਰ ਮੰਗਵਾਉਣ ਲਈ ਪੰਜਾਬ ਦੇ ਪ੍ਰਮੁੱਖ ਅਖਬਾਰਾਂ "ਅਜੀਤ" ਅਤੇ "ਜੱਗਬਾਣੀ" ਵਿੱਚ ਇਸ਼ਤਿਹਾਰ ਦਿੱਤਾ ਜਾਣਾ ਹੈ। ਇਸ਼ਤਿਹਾਰ ਦੇਣ ਲਈ ਟੈਂਡਰ ਨੋਟਿਸ ਅਤੇ ਸ਼ਰਤਾਂ ਤਿਆਰ ਕਰ ਲਈਆਂ ਗਈਆਂ ਹਨ, ਜੋ ਕਿ ਮਿਸਲ ਵਿੱਚ (ਪੰਨਾ **74**/ਸੀ ਤੋਂ ਪੰਨਾ **75**/ਸੀ) ਤੇ ਨੱਥੀ ਹਨ। ਤਿਆਰ ਕੀਤੀਆਂ ਸ਼ਰਤਾਂ ਯੂਨੀਵਰਸਿਟੀ ਦੀ ਵੈਬ-ਸਾਈਟ ਤੇ ਪਾਈਆਂ ਜਾਣੀਆਂ ਹਨ।

ਉਪਰੋਕਤ ਦੀ ਲੋਅ ਵਿੱਚ ਰਜਿਸਟਰਾਰ ਸਾਹਿਬ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਟੈਂਡਰ ਅਤੇ ਤਿਆਰ ਕੀਤੀਆਂ ਸ਼ਰਤਾਂ ਤੇ ਹਸਤਾਖਰ ਅਤੇ ਤਿਆਰ ਕੀਤੀਆਂ ਸ਼ਰਤਾਂ ਯੂਨੀਵਰਸਿਟੀ ਕੰਪਿਊਟਰ ਸੈਂਟਰ ਰਾਹੀਂ ਯੂਨੀਵਰਸਿਟੀ ਦੀ ਵੈਬ-ਸਾਈਟ **www.punjabiuniversity.ac.in** ਤੇ ਪਾਉਣ ਦੀ ਪ੍ਰਵਾਨਗੀ ਦੇਣ ਦੀ ਖੇਚਲ ਕਰਨੀ ਜੀ।

'ਓ' ਰਜਿਸਟਰਾਰ ਸਾਹਿਬ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

16/01/2023
ਕਲਰਕ

169/A 16-1-2023
16-01-2023

ਸੀਨੀਅਰ ਸਹਾਇਕ-5

ਨਿਗਰਾਨ (ਜਨਰਲ) 16/01/2023

ਸਹਾਇਕ ਰਜਿਸਟਰਾਰ (ਜਨਰਲ) 16-1-23

ਰਜਿਸਟਰਾਰ ਸਾਹਿਬ 18.01.23

374 16/1/23 - 374

## ਯੂਨੀਵਰਸਿਟੀ ਵਿਖੇ ਦੁਕਾਨ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਸ਼ਰਤਾਂ

1. ਯੂਨੀਵਰਸਿਟੀ ਵਿਖੇ ਦੁਕਾਨ ਨੰ. **05** (ਵੱਡੀ) ਦੀ ਅਲਾਟਮੈਂਟ ਸਬੰਧੀ ਟੈਂਡਰ ਮੰਗੇ ਜਾ ਰਹੇ ਹਨ। ਇਸ ਦੁਕਾਨ ਦੇ ਰਾਖਵੇਂ ਕਿਰਾਏ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰਬਰ | ਦੁਕਾਨ ਦਾ ਨਾਮ | ਰਾਖਵਾਂ ਕਿਰਾਇਆ |
|---|---|---|
| 1. | ਦੁਕਾਨ ਨੰਬਰ **05** (ਵੱਡੀ) ਕੈਮਿਸਟ | **10,000/-**ਰੁਪਏ (ਦੱਸ ਹਜਾਰ ਰੁਪਏ) |

ਟੈਂਡਰਕਰਤਾ ਇਸ ਰਾਸ਼ੀ ਤੋਂ ਵੱਧ ਦੀ ਕੀਮਤ ਦੇ ਟੈਂਡਰ ਭਰ ਕੇ ਭੇਜਣਗੇ। ਇਸ ਰਾਸ਼ੀ ਤੋਂ ਘੱਟ ਕੀਮਤ ਦੇ ਟੈਂਡਰ ਸਵੀਕਾਰ ਨਹੀਂ ਕੀਤੇ ਜਾਣਗੇ।

2. ਦੁਕਾਨ ਅਪਲਾਈ ਕਰਨ ਵਾਲੇ ਵਿਅਕਤੀ ਨੂੰ **1,50,000/-** ਰੁਪਏ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੇ ਨਾਂ ਤੇ ਭੇਜਣਾ ਹੋਵੇਗਾ। ਟੈਂਡਰ ਭਰਨ ਵਾਲੀ ਪਾਰਟੀ ਤੋਂ **1,000/-** ਰੁਪਏ ਦੀ ਐਪਲੀਕੇਸ਼ਨ ਫੀਸ ਵਜੋਂ ਬੈਂਕ ਡਰਾਫਟ/ਰਜਿਸਟਰਾਰ/ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਅਲੱਗ ਤੋਂ ਭੇਜਣਾ ਹੋਵੇਗਾ।

3. ਜਿਸ ਵਿਅਕਤੀ ਦਾ ਟੈਂਡਰ ਪਾਸ ਹੋ ਜਾਵੇਗਾ, ਉਸ ਵੱਲੋਂ ਜਮ੍ਹਾਂ ਕਰਵਾਈ ਗਈ **1,50,000/-** ਦੀ ਰਾਸ਼ੀ ਸਿਕਿਊਰਟੀ ਵਿੱਚ ਤਬਦੀਲ ਹੋ ਜਾਵੇਗੀ ਅਤੇ ਬਾਕੀਆਂ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਜੇਕਰ ਦੁਕਾਨਦਾਰ ਇਕਰਾਰਨਾਮੇ ਦੇ ਸਮੇਂ ਦੇ ਵਿਚਕਾਰ ਹੀ ਦੁਕਾਨ ਛੱਡ ਜਾਵੇਗਾ, ਉਸਦੀ ਸਿਕਿਊਰਟੀ ਜ਼ਬਤ ਕਰ ਲਈ ਜਾਵੇਗੀ।

4. ਦੁਕਾਨ ਤਿੰਨ ਸਾਲ ਦੇ ਸਮੇਂ ਲਈ ਅਲਾਟ ਕੀਤੀ ਜਾਵੇਗੀ। ਤਹਿਸੁਦਾ ਲਾਇਸੈਂਸ ਮਨੀ ਵਿੱਚ ਹਰ ਸਾਲ **10%** ਦਾ ਵਾਧਾ ਕੀਤਾ ਜਾਵੇਗਾ। ਇਸ ਸਬੰਧੀ ਵਿੱਧੀਬੱਧ ਢੰਗ ਨਾਲ ਯੂਨੀਵਰਸਿਟੀ ਨਾਲ ਇਕਰਾਰਨਾਮਾ ਕੀਤਾ ਜਾਵੇਗਾ।

5. ਦੁਕਾਨ ਦੀ ਅਲਾਟਮੈਂਟ ਸਮੇਂ ਅਲਾਟੀ ਤੋਂ ਲਾਇਸੈਂਸ ਮਨੀ ਦੇ **36** ਐਡਵਾਂਸ ਪੋਸਟ ਡੇਟਿਡ ਚੈੱਕ ਜਮ੍ਹਾਂ ਕਰਵਾਏ ਜਾਣਗੇ, ਇਸ ਤੋਂ ਇਲਾਵਾ **18% GST** ਦੇ ਐਡਵਾਂਸ ਚੈੱਕ ਅਲੱਗ ਤੋਂ ਜਮ੍ਹਾਂ ਕਰਵਾਉਣੇ ਹੋਣਗੇ।

6. ਬਿਜਲੀ ਦਾ ਪੂਰਾ ਬਿੱਲ ਕਮਰਸ਼ੀਅਲ ਰੇਟ ਤੇ ਅਲਾਟੀ ਵੱਲੋਂ ਅਦਾ ਕੀਤਾ ਜਾਵੇਗਾ।

7. ਅਲਾਟੀ ਵੱਲੋਂ ਦੁਕਾਨ ਵਿੱਚ ਸਫਾਈ ਦਾ ਵਿਸ਼ੇਸ ਧਿਆਨ ਰੱਖਣਾ ਪਵੇਗਾ। ਜੇਕਰ ਉਹ ਫੇਰ ਵੀ ਸਫਾਈ ਨਹੀਂ ਰੱਖਦਾ ਤਾਂ ਉਸ ਨੂੰ ਪਨੈਲਟੀ ਲਗਾਈ ਜਾ ਸਕਦੀ ਹੈ ਅਤੇ ਉਸ ਨਾਲ ਕੀਤਾ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

8. ਦੁਕਾਨ ਖੋਲ੍ਹਣ ਦਾ ਸਮਾਂ ਗਰਮੀਆਂ ਵਿੱਚ ਸਵੇਰੇ **7.00** ਵਜੇ ਤੋਂ ਲੈ ਕੇ ਰਾਤ ਦੇ **10.00** ਵਜੇ ਤੱਕ ਅਤੇ ਸਰਦੀਆਂ ਵਿੱਚ ਸਵੇਰੇ **8.00** ਵਜੇ ਤੋਂ ਲੈ ਕੇ ਰਾਤ ਦੇ **9.00** ਵਜੇ ਤੱਕ ਹੋਵੇਗਾ। ਛੁੱਟੀਆਂ ਵਾਲੇ ਦਿਨ ਵੀ ਦੁਕਾਨ ਖੁੱਲੀ ਰਹੇਗੀ।

9. ਜਿਸ ਵਿਅਕਤੀ ਨੂੰ ਇਹ ਦੁਕਾਨ ਅਲਾਟ ਕੀਤੀ ਜਾਵੇਗੀ, ਉਸ ਨੂੰ ਉਪਲਬਧ ਰਹਿਣਾ ਪਵੇਗਾ।

10. ਦੁਕਾਨ ਵਿਚ **Essentials** ਅਤੇ **Life Saving** ਦਵਾਈਆਂ ਦਾ ਸਟਾਕ ਰੱਖਿਆ ਜਾਵੇ।

11. ਅਲਾਟੀ ਨੇ ਘੱਟੋ-ਘੱਟ ਡਿਪਲੋਮਾ ਇਨ ਫਾਰਮੇਸੀ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਉਸ ਨੂੰ ਕੈਮਿਸਟ ਦੀ ਸ਼ਾਪ ਤੇ ਕੰਮ ਕਰਨ ਦਾ ਤਜਰਬਾ ਹੋਵੇ।

10\. ਅਲਾਟੀ ਨੂੰ ਜਿਸ ਕੰਮ ਲਈ ਦੁਕਾਨ ਅਲਾਟ ਕੀਤੀ ਜਾਵੇਗੀ, ਉਹ ਉਸ ਕੰਮ ਲਈ ਵਰਤੇਗਾ ਅਤੇ ਜੇਕਰ ਉਹ ਹੋਰ ਕੋਈ ਕੰਮ ਕਰੇਗਾ ਤਾਂ ਉਸ ਨੂੰ ਪਨੈਲਟੀ ਦੇਣੀ ਪਵੇਗੀ। ਯੂਨੀਵਰਸਿਟੀ ਵੱਲੋਂ ਉਸ ਨਾਲ ਕੀਤਾ ਗਿਆ ਇਕਰਾਰਨਾਮਾ ਕੈਂਸਲ ਵੀ ਕੀਤਾ ਜਾ ਸਕਦਾ ਹੈ।

11\. ਅਲਾਟੀ ਦੁਕਾਨ ਅੱਗੋਂ ਕਿਸੇ ਹੋਰ ਨੂੰ ਸਬਲੈਟ ਨਹੀਂ ਕਰੇਗਾ। ਜੇਕਰ ਅਲਾਟੀ **02** ਮਹੀਨੇ ਲਗਾਤਾਰ ਰੈਂਟ ਅਦਾ ਨਹੀਂ ਕਰਦਾ, ਉਸ ਦੁਕਾਨ ਦਾ ਬਿਜਲੀ, ਪਾਣੀ ਆਦਿ ਬੰਦ ਕਰਨ ਦਾ ਅਧਿਕਾਰ ਯੂਨੀਵਰਸਟੀ ਕੋਲ ਰਾਖਵਾਂ ਹੋਵੇਗਾ।

12\. ਜੇਕਰ ਦੁਕਾਨ ਦਾ ਕੋਈ **dispute** ਹੁੰਦਾ ਹੈ, ਉਸ ਨੂੰ ਨਿਬੇੜਨ ਲਈ ਸਮਰੱਥ ਅਧਿਕਾਰੀ ਵਾਈਸ-ਚਾਂਸਲਰ ਸਾਹਿਬ ਹੋਣਗੇ ਅਤੇ ਜੇਕਰ ਕੋਈ ਕੋਰਟ ਕੇਸ ਲਈ ਜਾਂਦਾ ਹੈ ਤਾਂ ਉਸ ਦੀ **(Juridisction),** ਪਟਿਆਲਾ ਹੋਵੇਗੀ।

13\. ਅਲਾਟੀ ਨੂੰ ਦੁਕਾਨ ਛੱਡਣ ਤੋਂ ਪਹਿਲਾਂ ਤਿੰਨ ਮਹੀਨੇ ਦਾ ਨੋਟਿਸ ਦੇਣਾ ਪਵੇਗਾ।

18.01.23

ਰਜਿਸਟਰਾਰ